# ਗੁਰਸਿੱਖ ਦਾ ਫੁਰਨਾ
# ਜੋ ਸਫੁਰਤ ਹੋਇਆ

## ਹਉਂ ਸਦਕੇ ਤਿਨ੍ਹਾਂ ਗੁਰਸਿੱਖਾਂ ਗੁਰਮਤਿ ਗੁਰਚਰਣੀ ਚਿਤੁ ਲਾਇਆ।
## ਹਉਂ ਸਦਕੇ ਤਿਨ੍ਹਾਂ ਗੁਰਸਿੱਖਾਂ ਗੁਰ ਸਿਖ ਦੇ ਗੁਰਸਿਖ ਮਿਲਾਇਆ।



ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

**ਜੀਵਨ ਉਦੇਸ਼ :**

***ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥**

***ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ ॥**

# ਗੁਰਸਿੱਖ ਦਾ ਫੁਰਨਾ

**'ਗੁਰਬਾਣੀ ਇਸੁ ਜਗ ਮਹਿ ਚਾਨਣੁ'** ਪ੍ਰਚਾਰ ਤੇ ਪ੍ਰਸਾਰ ਸੰਸਥਾ ਦੇ ਬਾਨੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਬਚਪਨ ਤੋਂ ਹੀ ਸ਼ਬਦ ਗੁਰੂ ਨਾਲ ਜੁੜੇ ਅਭਿਆਸੀ ਪੁਰਖ ਸਨ ਅਤੇ ਗੁਰੂ ਬਖਸ਼ਿਸ਼ ਸਦਕਾ ਅੰਮ੍ਰਿਤਧਾਰੀ ਅਤੇ ਗੁਰਬਾਣੀ ਦੇ ਰਸੀਆ ਸਨ। ਗ੍ਰਹਿਸਤੀ ਜੀਵਨ ਵਿੱਚ ਵਿਚਰਦੇ ਹੋਏ, ਅੰਮ੍ਰਿਤ-ਵੇਲਾ ਸੰਭਾਲਿਆ ਹੋਇਆ ਸੀ। ਨਾਮ ਵਿੱਚ ਟੁੱਭੀ ਲਾਉਂਦੇ ਲਾਉਦੇ ਇਕ ਦਿਨ ਅੰਮ੍ਰਿਤ ਵੇਲੇ, ਗੁਰਬਾਣੀ ਦਾ ਚਾਨਣੁ ਸਭ ਪਾਸੇ ਬਿਖੇਰਨ ਲਈ ਇਹ ਫੁਰਨਾ ਉੱਠਿਆ ਕਿ ਕਿਉਂ ਨਾ ਗੁਰਬਾਣੀ ਲੰਗਰ ਦੁਆਰਾ, ਗੁਰੂ ਦਾ ਪਵਿੱਤਰ ਸੰਦੇਸ਼ਾ, ਘਰ ਘਰ ਪਹੁੰਚਾ ਕੇ, ਗੁਰੂ ਦਾ ਬਚਨ **"ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥"** ਕਮਾਇਆ ਜਾਵੇ। ਆਪ ਜੀ ਨੂੰ ਗੁਰਬਾਣੀ ਦੇ ਵਿਚਾਰ ਰਾਹੀਂ ਅਧਿਅਨ ਕਰਨ ਤੋਂ ਇਹ ਮਹਿਸੂਸ ਹੋਇਆ ਕਿ ਇਤਨਾ ਅਨਮੋਲ ਖਜ਼ਾਨਾ ਹੈ ਜਿਸ ਨੂੰ ਸੰਸਾਰ ਤਕ ਵਰਤਾਉਣ ਦੀ ਲੋੜ ਹੈ। ਇਸ ਭਾਵਨਾ ਤੋਂ ਪ੍ਰੇਰਿਤ ਹੋ ਕੇ ਆਪ ਜੀ ਨੂੰ ਇਹ ਵੀਚਾਰ ਬਾਰ ਬਾਰ ਆਉਂਦਾ ਕਿ "ਮੈ ਕਿਉਂ ਨਹੀ ਗੁਰੂ ਦੀ ਬਾਣੀ ਨੂੰ ਲੰਗਰ ਦੇ ਰੂਪ ਵਿੱਚ ਸੰਗਤਾਂ ਤੱਕ ਪਹੁੰਚਾਉਂਦਾ ?"।

ਇਸ ਉਪਰੰਤ ਇਹ ਬੀਜ ਰੂਪੀ ਫੁਰਨਾ, ਪੁੰਗਰ ਕੇ ਫਰਵਰੀ, ੧੯੯੩ ਵਿੱਚ ਫਲੀਭੂਤ ਹੋਇਆ ਅਤੇ ਪੱਤ੍ਰਿਕਾ **"ਗੁਰਬਾਣੀ ਇਸ ਜਗ ਮਹਿ ਚਾਨਣੁ"** ਪ੍ਰਗਟ ਹੋਈ। ਜਿਸ ਦਾ ਨਾਮ ਬਾਅਦ ਵਿੱਚ **"ਗੁਰਬਾਣੀ ਚਾਨਣੁ"** ਦੇ ਰੂਪ ਵਿੱਚ ਰਜਿਸਟਰ ਕਰਵਾਇਆ ਗਿਆ। **'ਗੁਰਬਾਣੀ ਚਾਨਣੁ'** ਪੱਤ੍ਰਿਕਾ ਦੇ ਹੋਂਦ ਵਿੱਚ ਆਉਣ ਤੇ ਸੰਗਤਾਂ ਨੇ ਇਸ ਦੇ ਪ੍ਰਭਾਵਸ਼ਾਲੀ ਅਸਰ ਨੂੰ ਮਹਿਸੂਸ ਕੀਤਾ, ਤਾਂ ਆਪ ਜੀ ਦੇ ਮਨ ਵਿੱਚ ਇੱਕ ਹੋਰ ਫੁਰਨਾ ਉੱਠਿਆ ਕਿ ਗੁਰਬਾਣੀ ਅਤੇ ਗੁਰਮਤਿ ਦੇ ਪ੍ਰਚਾਰ ਅਤੇ ਸਤਿਸੰਗਤ ਲਈ ਇੱਕ ਨਿਵੇਕਲੇ ਅਸਥਾਨ ਦੀ ਜ਼ਰੂਰਤ ਹੈ। ਸੋ ਉਨ੍ਹਾਂ ਦੇ ਫੁਰਨੇ ਦਾ ਸਾਕਾਰ ਰੂਪ 'ਗੁਰਬਾਣੀ ਚਾਨਣੁ' ਭਵਨ ਦੇ ਰੂਪ ਵਿੱਚ ਪ੍ਰਗਟ ਹੋਇਆ। ਜਿਵੇਂ ਜਿਵੇਂ ਇਸ ਨਾਲ ਹੋਰ ਗੁਰਸਿੱਖ ਭਉਰੇ ਜੁੜਦੇ ਗਏ, ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੁਆਰਾ ਲਗਾਇਆ ਇਹ ਪੌਦਾ ਹੋਰ ਵਿਕਸਿਤ ਹੁੰਦਾ ਗਿਆ। 'ਗੁਰਬਾਣੀ ਚਾਨਣੁ' ਭਵਨ ਸਤਿਸੰਗਤ ਦਾ ਇੱਕ ਉੱਤਮ ਅਸਥਾਨ ਬਣ ਗਿਆ। ਆਪ ਜੀ ਹਮੇਸ਼ਾ ਖੇੜੇ ਵਿੱਚ ਰਹਿੰਦੇ ਸਨ। ਕਦੇ ਕਦੇ ਆਪ ਵਜਦ ਵਿੱਚ ਆਕੇ ਇਹ ਕਹਿੰਦੇ ਸਨ ਕਿ ਸੰਸਥਾ ਦਾ ਇਹ ਭਵਨ ਬੈਕੁੰਠ ਹੈ :

***ਕਹਿ ਕਮੀਰ ਅਬ ਕਹੀਐ ਕਾਹਿ ॥ ਸਾਧਸੰਗਤਿ ਬੈਕੁੰਠੈ ਆਹਿ ॥**

# ਆਪ ਜੀ ਦੇ ਜੀਵਨ ਤੇ ਇੱਕ ਝਾਤ

ਸ.ਸਰਦਾਰਾ ਸਿੰਘ ਜੀ ਦਾ ਜਨਮ ੧੨ ਫਰਵਰੀ, ੧੯੩੯ ਨੂੰ ਮਾਤਾ ਸ੍ਰੀਮਤੀ ਧੰਨ ਕੌਰ ਜੀ ਦੀ ਕੁੱਖ ਤੋਂ ਪਿਤਾ ਸ. ਆਤਮਾ ਸਿੰਘ ਜੀ ਦੇ ਗ੍ਰਹਿ ਵਿਖੇ, ਪਿੰਡ ਸੀਹੋਂ ਮਾਜਰਾ, ਜਿਲ੍ਹਾ ਰੋਪੜ ਵਿੱਚ ਹੋਇਆ। ਜਨਮ ਤੋਂ ਹੀ ਆਪ ਜੀ ਦੀ ਰੁਚੀ ਅਧਿਆਤਮਿਕ ਕਾਰਜਾਂ ਵੱਲ ਵਧੇਰੇ ਸੀ ਅਤੇ ਗੁਰਮੁੱਖਾਂ ਦੀ ਸੰਗਤ ਵੱਲ ਪ੍ਰੇਰਿਤ ਰਹਿੰਦੇ ਸਨ।

ਆਪ ਜੀ ਨੇ ਐਮ. ਏ. ਪੰਜਾਬੀ, ਪੰਜਾਬੀ ਵਿਸ਼ਵ ਵਿਦਿਆਲੇ, ਪਟਿਆਲਾ ਤੋਂ ਕੀਤੀ ਅਤੇ ਟੈਲੀਕਾਮ ਵਿਭਾਗ ਵਿੱਚ ਵੱਖ ਵੱਖ ਅਹੁਦਿਆਂ ਤੇ ਸੇਵਾ ਨਿਭਾਈ। ਪਰਿਵਾਰਿਕ ਜ਼ਿਮੇਵਾਰੀਆਂ ਨਿਭਾਉਂਦੇ ਹੋਏ, ਅੰਮ੍ਰਿਤ-ਵੇਲ਼ੇ ਦਾ ਨੇਮ ਦ੍ਰਿੜਤਾ ਨਾਲ ਕਮਾਇਆ ਅਤੇ ਗੁਰਬਾਣੀ ਪ੍ਰਚਾਰ ਪ੍ਰਸਾਰ ਦੀ ਤਾਂਘ ਅਤੇ ਮਨ ਵਿੱਚ ਬਾਰ ਬਾਰ ਉਠਦੇ ਫੁਰਨੇ ਨੂੰ ਵਿਚਾਰ ਕੇ, ਸੁਪਤਨੀ ਦੀ ਸਹਿਮਤੀ ਨਾਲ ਜਨਵਰੀ, ੧੯੮੨ ਵਿੱਚ ਟੈਲੀਕਾਮ ਵਿਭਾਗ ਤੋਂ ਸਵੈ ਇੱਛਾ ਨਾਲ ਸੇਵਾ ਮੁਕਤ ਹੋ ਗਏ। ਜਦ ਕਿ ਆਪ ਜੀ ਅਜੇ ਕੇਵਲ ੪੪ ਸਾਲ ਦੀ ਆਯੂ ਵਿੱਚ ਸਨ ਅਤੇ ਗ੍ਰਹਿਸਤ ਦੀ ਜ਼ਿੰਮੇਵਾਰੀ ਸਿਰ ਤੇ ਸੀ। ਪਰਿਵਾਰ ਦੀਆਂ ਜ਼ਰੂਰਤਾਂ ਲਈ ਕਿਰਤ ਕਮਾਈ ਵੀ ਜ਼ਰੂਰੀ ਸੀ, ਸੋ ਪ੍ਰਿੰਟਿੰਗ-ਪ੍ਰੈਸ ਦਾ ਕੰਮ ਆਪਣੇ ਮੋਹਾਲੀ ਸਥਿਤ ਮਕਾਨ ਨੰਬਰ ੨੫੪/ਫੇਜ-੨ ਵਿੱਚ ਅਰੰਭ ਕੀਤਾ। ਜਿਸ ਬਾਰੇ ਜਰੂਰੀ ਸੂਝ-ਬੂਝ ਪ੍ਰਾਪਤ ਕਰਨ ਵਾਸਤੇ, ਆਪ ਨੇ ਨੌਕਰੀ ਛੱਡਣ ਤੋਂ ਛੇ ਮਹੀਨੇ ਪਹਿਲਾਂ ਹੀ ਜਾਣਕਾਰੀ ਲੈਣੀ ਅਰੰਭ ਕਰ ਲਈ ਸੀ। ਕਿਉਂਕਿ ਕਈ ਵਾਰੀ ਡਿਊਟੀ ਰਾਤ ਦੀ ਹੋਣ ਕਾਰਨ,ਦਿਨ ਵੇਲੇ ਆਪ ਸਮੇਂ ਦਾ ਸਦਉਪਯੋਗ ਕਰਕੇ ਨਵੀਂ ਸੋਚੀ ਕਿਰਤ ਬਾਰੇ ਜਾਣਕਾਰੀ ਪ੍ਰਾਪਤ ਕਰਦੇ ।

ਮਿੱਥੇ ਪ੍ਰੋਗਰਾਮ ਅਨੁਸਾਰ ਫਰਵਰੀ, ੧੯੮੩ ਵਿੱਚ, ਗੁਰਬਾਣੀ-ਲੰਗਰ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਂਣ ਲਈ, ਮੋਖ-ਰਹਿਤ, ਮਾਸਿਕ ਪੱਤ੍ਰਿਕਾ "ਗੁਰਬਾਣੀ ਇਸ ਜਗੁ ਮਹਿ ਚਾਨਣੁ" ਦਾ ਅਰੰਭ ਕੀਤਾ ਗਿਆ। ਸ਼ੁਰੂ ਵਿੱਚ ਇਹ ਪੱਤ੍ਰਿਕਾ ਕੇਵਲ ਚਾਰ ਸਫਿਆਂ ਦੀ ਸੀ। ਜਿਸ ਦੀਆਂ ੫੦੦ ਕਾਪੀਆਂ ਆਪਣੇ ਰਿਹਾਇਸ਼ੀ ਮਕਾਨ ਨੰਬਰ ੧੨੬, ਸੈਕਟਰ-੧੯, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤੀਆਂ। ਸ਼ੁਰੂ ਵਿੱਚ ਪੱਤ੍ਰਿਕਾ ਸਥਾਨਿਕ ਗੁਰਦੁਆਰਿਆਂ ਅਤੇ ਜਾਣਕਾਰ ਮਿੱਤਰਾਂ-ਸੰਬੰਧੀਆਂ ਵਿੱਚ ਵੰਡੀ ਗਈ। ਇਸ ਪੱਤ੍ਰਿਕਾ ਵਿੱਚ ਨਿਰੋਲ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੁੜੇ ਵਿਸ਼ਿਆਂ ਬਾਰੇ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਨੇ ਆਪਣੇ ਅਤੇ ਸਹਿਯੋਗੀਆਂ ਦੇ ਲੇਖ ਛਾਪਣੇ ਸ਼ੁਰੂ ਕੀਤੇ। ਗੁਰ ਸ਼ਬਦ-ਲੰਗਰ ਦਾ ਮੰਤਵ ਮੁੱਖ ਰੱਖ ਕੇ, ਵਪਾਰਕ ਮਸ਼ਹੂਰੀ ਦੇ ਵਿਗਿਆਪਨ ਆਦਿਕ ਤੋਂ, ਦੂਰੀ ਬਣਾ ਕੇ ਰੱਖੀ, ਜੋ ਅਸੂਲ

ਅੱਜ ਵੀ ਉਸੇ ਮਜਬੂਤੀ ਨਾਲ ਨਿਭਾਇਆ ਜਾ ਰਿਹਾ ਹੈ।

ਸਮੇਂ ਨੇ ਆਪਣਾ ਰੂਪ ਦਿਖਾ ਕੇ ਬੜੇ ਪਰਚੇ ਪਾਏ। ੧੯੯੮ ਵਿੱਚ ਸੁਪਤਨੀ ਕੇਵਲ ੪੧ ਸਾਲ ਦੀ ਉਮਰ ਵਿੱਚ ਹੀ ਸਦੀਵੀਂ ਵਿਛੋੜਾ ਦੇ ਗਏ। ਉਸ ਤੋਂ ਬਾਅਦ ੨੦੦੪ ਵਿੱਚ ਵੱਡਾ ਦਾਮਾਦ ਜਿਸਦਾ ਸੰਸਥਾ ਦੇ ਭਵਨ ਨਿਰਮਾਣ ਵਿੱਚ ਬੜਾ ਅਹਿਮ ਯੋਗਦਾਨ ਸੀ, ੪੬ ਸਾਲ ਦੀ ਛੋਟੀ ਉਮਰ ਵਿੱਚ ਸੰਸਾਰ ਤੋਂ ਵਿਛੋੜਾ ਦੇ ਗਏ ਅਤੇ ਇਸੇ ਤਰਾਂ ਕੁਝ ਸਮਾਂ ਉਪਰੰਤ ਛੋਟਾ ਦਾਮਾਦ ਵੀ ੫੨ ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਿਆ। ਪਰ ਗੁਰੂ ਪਿਆਰੇ, ਗੁਰੂ ਦੇ ਹੁਕਮ ਅੰਦਰ ਰਹਿ ਕੇ '**ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥**' ਦੇ ਮਹਾਂਵਾਕ ਨੂੰ ਕਮਾਉਂਦੇ ਹੋਏ, ਆਪਣੀ ਧੁਨ ਵਿੱਚ ਸੇਵਾ-ਸਿਮਰਨ ਵਿੱਚ ਜੁਟੇ ਰਹੇ ਅਤੇ ਪਰਿਵਾਰਕ ਜਿੰਮੇਵਾਰੀਆਂ ਵੀ ਬਾਖੂਬੀ ਨਿਭਾਈਆਂ।

ਪੱਤ੍ਰਿਕਾ ਦੀ ਗਿਣਤੀ ਜੋ ੫੦੦ ਤੋਂ ਸ਼ੁਰੂ ਕੀਤੀ ਸੀ, ਹੌਲੀ ਹੌਲੀ ਵਧਦੀ ਗਈ। ਪਹਿਲੇ ਪੰਜ ਸਾਲਾਂ ਵਿਚ ਗਿਣਤੀ ੨੦੦੦ ਕਾਪੀਆਂ ਤੱਕ ਪਹੁੰਚੀ ਅਤੇ ਸੰਸਥਾ ਦੇ ਦਸ ਸਾਲ ਦੀ ਮਿਹਨਤ ਸਦਕਾ ਭਾਵ ੧੯੯੩ ਤੱਕ ਪਰਚੇ ਦੀ ਸੰਖਿਆ ਅੱਠ ਹਜ਼ਾਰ ਤੱਕ ਪੁੱਜ ਗਈ ਅਤੇ ਇੱਕੀਵੀਂ ਸਦੀ ਭਾਵ ਸੰਨ ੨੦੦੦ ਦੇ ਅਰੰਭ ਤੋਂ ਪਹਿਲੇ ਇਹ ਗਿਣਤੀ ੨੮੦੦੦ ਕਾਪੀਆਂ ਤੱਕ ਪੁੱਜ ਗਈ। ਦੇਸ਼ ਦੇ ਅਨੇਕ ਸ਼ਹਿਰਾਂ ਵਿੱਚ ਹੱਥੀਂ ਵੰਡ ਸੇਵਾਦਾਰਾਂ ਰਾਹੀਂ ਘਰ ਘਰ ਪਹੁੰਚਾਈ ਜਾਣ ਲੱਗੀ। ਇਸ ਸੇਵਾ ਲਈ ਸ.ਸਰਦਾਰਾ ਸਿੰਘ ਜੀ ਦੀ ਸਖਸ਼ੀਅਤ ਅਤੇ ਪੱਤ੍ਰਿਕਾ ਦੇ ਮਿਆਰ ਤੋਂ ਪ੍ਰਭਾਵਿਤ ਹੋ ਕੇ ਅਲੱਗ ਅਲੱਗ ਸ਼ਹਿਰਾਂ ਵਿੱਚ ਅਨੇਕ ਸਹਿਯੋਗੀ ਅੱਗੇ ਆਏ। ਇਸੇ ਤਰ੍ਹਾਂ ਪਾਠਕਾਂ ਨੇ ਇਸ ਗੁਰਬਾਣੀ-ਲੰਗਰ ਵਿੱਚ ਭੇਟਾ ਦੇ ਰੂਪ ਵਿੱਚ ਮਾਇਕ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ ਅਤੇ ਪੱਤ੍ਰਿਕਾ ਪੱਕੇ ਪੈਰੀਂ ਖੜੀ ਹੋ ਗਈ। ਸੰਸਥਾ ਦੇ ਸੰਸਥਾਪਕ ਵਜੋਂ, ਮੁੱਖ ਸੇਵਾਦਾਰ ਦੀਆਂ, ਲਗਾਤਾਰ ੩੫ ਸਾਲ ਸੇਵਾ ਨਿਭਾਉਂਦੇ ਹੋਏ ਆਪ ਜੀ ਨਵੰਬਰ, ੨੦੧੭ ਨੂੰ ਲਗਭਗ ੮੦ ਸਾਲ ਦੀ ਸਫਲ ਜੀਵਨ ਯਾਤਰਾ ਕਰਕੇ, ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

ਆਪ ਜੀ ਨੇ ਗੁਰਮਤਿ ਦੇ ਅਨੇਕ ਪਹਿਲੂਆਂ ਤੇ ਬੜੀ ਸਾਦੀ ਅਤੇ ਸਪਸ਼ਟ ਲੇਖਣੀ ਦੁਆਰਾ ਚਾਨਣਾ ਪਾ ਕੇ ਪਾਠਕਾਂ ਦਾ ਪ੍ਰੇਮ ਕਮਾਇਆ। ਆਪ ਜੀ ਨੇ ਹੇਠ ਪੰਜਾਬੀ, ਹਿੰਦੀ ਅਤੇ ਅੰਗ੍ਰੇਜੀ ਭਾਸ਼ਾ ਅਨੇਕਾ ਪੁਸਤਕਾਂ ਸੰਸਥਾ ਵੱਲੋਂ ਪ੍ਰਕਾਸ਼ਤ ਕਰ ਕੇ ਸੰਗਤਾਂ ਤੱਕ ਪਹੁੰਚਾਈਆਂ। ਜੋ ਕਿ ਸੰਸਥਾ ਦੇ ਸਥਾਨ ਅਤੇ ਅਲੱਗ ਅਲੱਗ ਸਥਾਨਾਂ ਤੇ ਧਾਰਮਿਕ ਸਮਾਗਮਾਂ ਵਿੱਚ ਸੰਸਥਾ ਵੱਲੋਂ ਲਗਾਏ ਜਾਂਦੇ ਸਟਾਲ ਤੇ ਵੀ ਮਿਲਦੀਆਂ ਹਨ। ਇਹਨਾਂ ਪੁਸਤਕਾਂ ਦੀ ਅਤੇ ਸਹਿਯੋਗੀਆਂ ਦੁਆਰਾ ਲਿਖੀਆਂ ਪੁਸਤਕਾਂ ਦੀ ਸੂਚੀ ਸਮੇ ਸਮੇਂ

ਪੱਤ੍ਰਿਕਾ ਦੁਆਰਾ ਜਾਂ ਸੰਸਥਾ ਦੀਆਂ ਪੁਸਤਕਾਂ ਦੇ ਆਖ਼ਰੀ ਪੰਨੇ ਤੇ ਲਿਖ ਕੇ, ਪਾਠਕਾਂ ਦੇ ਧਿਆਨ ਵਿੱਚ ਲਿਆਈਆਂ ਜਾਂਦੀਆਂ ਹਨ।

'ਗੁਰਬਾਣੀ ਚਾਨਣੁ' ਭਵਨ ਦੇ ਸੰਸਥਾਨ ਸੰਪੂਰਨ ਹੋ ਜਾਣ ਅਤੇ ਮਾਸਿਕ ਪੱਤ੍ਰਿਕਾ ਗੁਰਮਤਿ ਦੀਆਂ ਪਾਈਆਂ ਪੈੜਾਂ ਤੇ ਚੱਲ ਪੈਣ ਤੋਂ ਬਾਅਦ, ਗੁਰਮੁੱਖ ਪਿਆਰੇ ਨੇ ਕਈ ਹੋਰ ਉਪਰਾਲੇ ਅਰੰਭ ਕੀਤੇ। ਹਰ ਸ਼ਨਿਚਰਵਾਰ ਸਹਿਯੋਗੀਆਂ ਨੂੰ ਨਾਲ ਲੈ ਕੇ ਕੀਰਤਨ ਕਰਨਾ। ਸਵੇਰੇ ਸੰਸਥਾ ਵਿੱਚ ਆ ਕੇ ਗੁਰੂ ਸਾਹਿਬ ਦੀ ਹਾਜ਼ਰੀ ਭਰ ਕੇ ਆਪ ਜੀ ਹਾਰਮੋਨੀਅਮ ਤੇ ਇੱਕ ਸ਼ਬਦ ਦੀ ਟੇਕ ਲੈ ਕੇ ਕਿਨ੍ਹੀ ਕਿੰਨੀ ਦੇਰ ਤੱਕ ਨਾਮ ਅਭਿਆਸ ਵਿੱਚ ਜੁੜੇ ਰਹਿੰਦੇ ਸਨ। ਪੱਤ੍ਰਿਕਾ ਦੀ ਤਿਆਰੀ ਦੀ ਸੇਵਾ ਵਿੱਚ ਲੱਗੇ ਕਈ ਵੇਰ ਸ਼ਬਦ ਅਭਿਆਸ ਵਿੱਚ ਜੁੜੇ, ਅੱਖਾਂ ਬੰਦ ਕਰਕੇ ਇਲਾਹੀ ਵਜਦ ਦਾ ਅਨੰਦ ਮਾਣਦੇ ਰਹਿੰਦੇ ਸਨ। ਸੰਗਤਾਂ ਲਈ ਮਾਸਿਕ ਗੁਰਮਤਿ ਸਮਾਗਮ ਹਰ ਮਹੀਨੇ ਦੇ ਦੂਜੇ ਸ਼ਨਿਚਰਵਾਰ ਨੂੰ ਸ਼ੁਰੂ ਕੀਤਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਲੰਗਰ ਲਗਾਇਆ ਜਾਣ ਲੱਗਾ। ਇੱਕ ਸਹਿਯੋਗੀ ਦਾ ਕਹਿਣਾ ਹੈ ਕਿ ਬਾਬਾ ਜੀ ਨੇ ਤਾਂ ਸਾਡੇ ਲਈ ਸ਼ਾਂਤੀ ਨਿਕੇਤਨ ਬਣਾ ਦਿੱਤਾ ਹੈ,ਇੱਥੇ ਆ ਕੇ ਬਹੁਤ ਕੁਝ ਸਿੱਖਿਆ ਅਤੇ ਜੀਵਨ ਵਿੱਚ ਬਹੁਤ ਤਬਦੀਲੀ ਆਈ ਹੈ।

ਬੱਚਿਆਂ ਦੀਆਂ ਛੁੱਟੀਆਂ ਵਿੱਚ, ਗੁਰਮਤਿ ਕੈਂਪ ਲਗਾਏ ਜਾਂਦੇ, ਬੱਚਿਆਂ ਲਈ ਕੀਰਤਨ ਸਿਖਲਾਈ ਦੀਆਂ ਕਲਾਸਾਂ ਦਾ ਪ੍ਰਬੰਧ ਕੀਤਾ ਜਾਂਦਾ ਅਤੇ ਕੁਝ ਸਹਿਯੋਗੀਆਂ ਦੀ ਬੇਨਤੀ ਤੇ ਗਰੀਬ ਬੱਚਿਆਂ ਦੀ ਪੜ੍ਹਾਈ ਲਈ ਸਕਾਲਰਸ਼ਿਪ ਸਕੀਮ ਚਲਾਈ ਗਈ ਜੋ ਅੱਜ ਵੀ ਚੱਲ ਰਹੀ ਹੈ। ਆਪ ਜੀ ਸਿੱਖ ਪਨੀਰੀ ਨੂੰ ਗੁਰੂ ਨਾਲ ਜੋੜਨ ਲਈ ਹਰ ਸਮੇਂ ਕੋਈ ਨਾ ਕੋਈ ਨਵੇਂ ਵੀਚਾਰ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਜੁੱਟੇ ਰਹਿੰਦੇ ਸਨ। ਸੰਨ ੨੦੧੪ ਤੋਂ "ਗੁਰਮਤਿ-ਪ੍ਰੀਖਿਆ" ਦਾ ਕਾਰਜ ਅਰੰਭ ਕੀਤਾ ਗਿਆ ਅਤੇ ਚੰਡੀਗੜ੍ਹ ਦੇ ਨਾਲ ਲੱਗਦੇ ਜਿਲ੍ਹਿਆਂ ਦੇ ਬਹੁਤ ਸਾਰੇ ਸਕੂਲਾਂ ਦੇ ਕਰੀਬ ੫੦੦੦ ਵਿਦਿਆਰਥੀਆਂ ਨੂੰ ਮੁਫ਼ਤ ਪੁਸਤਕਾਂ ਦੇ ਕੇ ਗੁਰਮਤਿ ਪ੍ਰੀਖਿਆ ਕਰਾਈ ਜਾਣ ਲੱਗੀ ਅਤੇ ਬੱਚਿਆਂ ਨੂੰ ਸਰਟੀਫਿਕੇਟ, ਕਿਤਾਬਾਂ ਦੇ ਸੈਟ ਅਤੇ ਨਕਦ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਂਦਾ।

ਪੁਸਤਕਾਂ ਤੋਂ ਇਲਾਵਾ, ਜਨਵਰੀ ੧੯੯੩ ਤੋਂ ਸ਼ੁਰੂ ਕਰਕੇ ਅੰਤਮ ਸਮਾਂ ਅਕਤੂਬਰ ੨੦੧੭ ਤੱਕ ਆਪ ਜੀ ਦੁਆਰਾ ਲਿਖੇ ਲੇਖ ਸੰਸਥਾ ਦੀ ਪੱਤ੍ਰਿਕਾ "ਗੁਰਬਾਣੀ ਚਾਨਣੁ" ਵਿੱਚ ਛਪਦੇ ਰਹੇ ਜੋ ਕਿ ਗੁਰਮਤਿ ਦਾ ਅਨਮੋਲ ਖਜ਼ਾਨਾ ਹਨ। ਆਪ ਜੀ ਦੇ ਸੱਚਖੰਡ ਪਿਆਨੇ ਤੋਂ ਬਾਅਦ, ਆਪ ਜੀ ਦੇ ਲਿਖੇ ਲੇਖ ਸਮੇਂ ਸਮੇਂ ਸੰਗਤਾਂ ਨਾਲ ਪੱਤ੍ਰਿਕਾ ਦੁਆਰਾ ਸਾਂਝੇ ਕੀਤੇ ਜਾਂਦੇ ਹਨ।

ਆਪ ਜੀ ਦੇ ਇਸ ਫ਼ਾਨੀ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ, ਆਪ ਜੀ ਦੇ ਸਪੁੱਤਰ ਸ.ਕੁਲਬੀਰ ਸਿੰਘ ਜੀ ਜੋ ਸਟੇਟ ਬੈਂਕ ਆਫ ਇੰਡੀਆ ਤੋਂ ਕੁਝ ਸਮਾਂ ਪਹਿਲਾਂ ਹੀ ਸਵੈ-ਇੱਛਾ ਨਾਲ ਸੇਵਾ ਮੁਕਤ ਹੋ ਚੁੱਕੇ ਸਨ ਅਤੇ ਸਮੇਂ ਸਮੇਂ ਸੰਸਥਾ ਵਿੱਚ ਸੇਵਾ ਨਿਭਾਉਂਦੇ ਸਨ, ਨੂੰ ਸਰਬ ਸੰਮਤੀ ਨਾਲ, ਸੰਸਥਾ ਦੇ ਮੁੱਖ ਸੇਵਾਦਾਰ ਦੀ ਜ਼ਿਮੇਵਾਰੀ ਸੌਂਪੀ ਗਈ। ਜੋ ਉਹ ਬੜੀ ਤਨਦੇਹੀ ਅਤੇ ਸੁਚਾਰੂ ਢੰਗ ਨਾਲ ਨਿਭਾਅ ਰਹੇ ਹਨ।

## ਆਪ ਜੀ ਦੀਆਂ ਲੇਖਣੀਆਂ ਵਿੱਚੋਂ ਇਕ ਝਲਕ

**ਆਪ ਜੀ ਆਪਣੀ ਪਹਿਲੀ ਪੁਸਤਕ "ਆਤਮ-ਪ੍ਰਕਾਸ਼" ਦੇ ਪੰਨਾ ੯/੧੦ ਵਿੱਚ ਲਿਖਦੇ ਹਨ :**

**"ਮੇਰੇ ਮਨ ਵਿੱਚ ਬਚਪਨ ਤੋਂ ਹੀ ਇਹ ਪ੍ਰਸ਼ਨ ਉੱਠਦਾ ਰਿਹਾ ਹੈ, ਕਿ ਮੈਂ ਕੌਣ ਹਾਂ, ਕਿਥੋਂ ਆਇਆ ਅਤੇ ਕਿਹੜੇ ਸਥਾਨ ਤੇ ਜਾਣਾ ਹੈ। ਕਈ ਕਈ ਘੰਟੇ, ਕਈ ਕਈ ਦਿਨ ਅਤੇ ਕਈ ਵਾਰ ਮਹੀਨਿਆਂ ਬੱਧੀ ਇਹ ਪ੍ਰਸ਼ਨ ਮੈਨੂੰ ਨਿਰੰਤਰ ਬੇਚੈਨ ਕਰਦਾ ਰਿਹਾ ਹੈ। ਕਦੇ ਕਦੇ ਇਹ ਪ੍ਰਸ਼ਨ ਮਿਨ੍ਹਾ ਮਿਨ੍ਹਾ ਮੇਰੇ ਮਨ ਅੰਦਰ ਉਪਜਦਾ ਰਹਿੰਦਾ ਸੀ ਅਤੇ ਕਦੇ ਕਦੇ ਬਹੁਤ ਹੀ ਪ੍ਰਬਲ ਹੋ ਕਿ ਇਸ ਦੇ ਉੱਤਰ ਲਈ ਮੈਂ ਬੇਹੱਦ ਬਿਹਬਲ ਹੋ ਜਾਂਦਾ ਰਿਹਾ ਹਾਂ।**

**ਇਕ ਵੇਰ ਮੈਂ ਆਪਣੇ ਇਕ ਮਿੱਤਰ ਕੋਲ ਪ੍ਰਸ਼ਨ ਕੀਤਾ ਕਿ ਕੀ ਤੁਸੀ ਦੱਸ ਸਕਦੇ ਹੋ ਕਿ ਮੈਂ ਕੌਣ ਹਾਂ?**

**ਉਹ ਕੁੱਝ ਹੈਰਾਨ ਜਿਹਾ ਹੋਇਆ, ਉਹ ਹੈਰਾਨ ਸੀ ਇਸ ਲਈ, ਕਿਉਂਕਿ ਉਸ ਸੋਚਿਆ ਕਿ ਇਹ ਕਿਹੋ ਜਿਹਾ ਅਜੀਬ ਪ੍ਰਸ਼ਨ ਹੈ ਅਤੇ ਇਸ ਪ੍ਰਸ਼ਨ ਦੇ ਪੁੱਛਣ ਦੀ ਲੋੜ ਹੀ ਕੀ ਹੈ, ਜਦੋਂ ਸਪਸ਼ਟ ਹੀ ਹੈ ਕਿ ਪੁੱਛਣ ਵਾਲਾ, ਸਾਹਮਣੇ ਬੈਠਾ ਹੈ ਅਤੇ ਉਹ ਉਸ ਦਾ ਇੱਕ ਮਿੱਤਰ ਹੈ।**

**ਮੈਂ ਦੁਬਾਰਾ ਪੁੱਛਿਆ ਤੇ ਕਿਹਾ, ਹੈਰਾਨੀ ਦੀ ਤਾਂ ਕੋਈ ਗੱਲ ਨਹੀਂ ਤੁਸੀਂ ਦੱਸੋ ਤਾਂ ਸਹੀ 'ਮੈਂ ਕੌਣ ਹਾਂ', ਤੁਹਾਨੂੰ ਇਸ ਦਾ ਉੱਤਰ ਜਰੂਰ ਦੇਣਾ ਚਾਹੀਦਾ ਹੈ ਕਿਉਕਿ ਮੈਂ ਇਸ ਪ੍ਰਸ਼ਨ ਦਾ ਉੱਤਰ ਕਾਫੀ ਸਮੇਂ ਤੋਂ ਲੱਭ ਰਿਹਾ ਹਾਂ। ਆਪਣੇ ਬਚਪਨ ਤੋਂ ਹੀ ਜਦੋਂ ਇਸ ਸੰਸਾਰ ਵਿੱਚ ਸੋਝੀ ਸੰਭਲੀ ਹੈ ਉਦੋਂ ਤੋਂ ਹੀ, ਸ਼ਾਇਦ ਪਿਛਲੇ ਜਨਮ ਤੋਂ ਜਾਂ ਫਿਰ ਸ਼ਾਇਦ ਹੋਰ ਪਿਛਲੇਰੇ ਜਨਮਾਂ ਤੋਂ ਇਸਦਾ ਉੱਤਰ ਲੱਭ ਰਿਹਾ ਹੋਵਾਂ, ਅਜੇ ਤੱਕ ਨਹੀਂ ਮਿਲ ਰਿਹਾ। ਕਿਰਪਾ ਕਰਕੇ ਮੇਰੀ ਬੇਚੈਨੀ ਦੂਰ ਕਰੋ ਅਤੇ ਇਸ ਪ੍ਰਸ਼ਨ ਦਾ ਉੱਤਰ ਮੈਨੂੰ ਜ਼ਰੂਰ ਦਿਉ।**

ਉਸ ਪਹਿਲਾਂ ਤਾਂ ਸ਼ਾਇਦ ਸੋਚਿਆ ਹੋਣਾ ਹੈ ਕਿ ਮੈਂ ਪਾਗਲ ਹੋ ਗਿਆ ਹਾਂ। ਮੇਰੇ ਹੋਸ਼ ਟਿਕਾਣੇ ਨਾ ਹੋਣ। ਗੱਲ ਵੀ ਠੀਕ ਸੀ, ਭਲਾ ਸ਼ੁਦਾਈਆਂ ਤੋਂ ਬਿਨਾਂ, ਭਲੇ ਚੰਗੇ ਮਨੁੱਖ ਨੂੰ ਅਜਿਹੇ ਸਵਾਲ ਕਰਨ ਦੀ ਲੋੜ ਹੀ ਕੀ ਹੈ?

ਖੈਰ! ਉਹ ਪੜ੍ਹਿਆ ਲਿਖਿਆ ਸਮਝਦਾਰ ਮਿੱਤਰ ਸੀ ਮੇਰਾ, ਸ਼ਾਇਦ ਮੇਰੀ ਮਾਨਸਿਕ ਅਵਸਥਾ ਨੂੰ ਕੁਝ ਕੁਝ ਸਮਝਦਾ ਸੀ, ਥੋੜ੍ਹਾ ਠਠੰਬਰ ਕੇ ਮੇਰੇ ਪ੍ਰਸ਼ਨ ਦਾ ਉੱਤਰ ਦੇਣ ਲੱਗਾ, ਬੋਲਿਆ :

"ਤੁਸੀਂ ਸਰਦਾਰਾ ਸਿੰਘ ਹੋ, ਹੋਰ ਕੌਣ? ਮੇਰੇ ਮਿੱਤਰ ਹੋ, ਮੈਂ ਤੁਹਾਨੂੰ ਕਈ ਸਾਲਾਂ ਤੋਂ ਜਾਣਦਾ ਹਾਂ। ਤੁਸੀ ਚੰਡੀਗੜ੍ਹ ਦੇ ਰਹਿਣ ਵਾਲੇ ਹੋ। ਬੱਸ ਹੋਰ ਕੀ?"

ਮੈਂ ਕਿਹਾ, ਨਹੀਂ ਵੀਰ ਜੀ! ਮੇਰੀ ਤਸੱਲੀ ਨਹੀਂ ਹੋਈ। ਉਹ ਫਿਰ ਬੋਲਿਆ, "ਤੁਸੀਂ ਇਕ ਪ੍ਰਿੰਟਿੰਗ ਪ੍ਰੈਸ ਚਲਾ ਰਹੇ ਹੋ। ਇਕ ਗੁਰਬਾਣੀ ਵਿਚਾਰ ਦਾ ਪਰਚਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਮਾਸਕ ਪੱਤ੍ਰਿਕਾ ਦੇ ਸੰਪਾਦਕ ਹੋ। ਮੈਨੂੰ ਸਮਝ ਨਹੀਂ ਆਉਂਦੀ ਕਿ ਤੁਹਾਡੀ ਬਾਬਤ ਹੋਰ ਮੈਂ ਕੀ ਕਹਾਂ?"

"ਹਾਂ ਇਕ ਗੱਲ ਹੋਰ ਤੁਸੀਂ ਚੰਡੀਗੜ੍ਹ ਦੇ ਨੇੜੇ ਹੀ ਇਕ ਪਿੰਡ ਦੇ ਜੰਮ ਪਲ ਹੋ। ਪ੍ਰੈਸ ਲਗਾਉਣ ਤੋਂ ਪਹਿਲਾਂ ਚੰਡੀਗੜ੍ਹ ਸਰਕਾਰੀ ਨੌਕਰੀ ਕਰਦੇ ਸੀ। ਸਿੱਖ ਧਰਮ ਦੇ ਧਾਰਨੀ ਹੋ ਪਰ ਸਾਰੇ ਸਹੀ ਧਰਮਾਂ ਨੂੰ ਸਤਿਕਾਰਦੇ ਹੋ, ਪੰਜਾਬੀ ਹੋ, ਭਾਰਤ ਦੇ ਨਾਗਰਿਕ ਹੋ।"

"ਹੋਰ ਇਹ ਕਹਿਣਾ ਕਿ ਤੁਹਾਡੇ ਕਿੰਨੇ ਬੱਚੇ ਹਨ, ਕਿੰਨੀ ਕਿੰਨੀ ਉਮਰ ਦੇ ਹਨ, ਪੜ੍ਹਦੇ ਹਨ ਜਾਂ ਕੰਮਾਂ ਤੇ ਲੱਗੇ ਹੋਏ ਹਨ, ਤੇ ਪਤਨੀ ਕੌਣ ਹੈ, ਕਿਹੋ ਜਿਹੀ ਹੈ, ਕੀ ਕੰਮ ਕਰਦੀ ਹੈ, ਨੌਕਰੀ ਕਰਦੀ ਹੈ ਜਾਂ ਘਰੇਲੂ ਇਸਤਰੀ ਹੈ, ਆਦਿ ਦੇ ਬਾਬਤ ਦੱਸਣ ਦੀ ਲੋੜ ਨਹੀਂ। ਇੰਨਾ ਕਾਫੀ ਹੈ।"

"ਇੰਨਾ ਕੁਝ ਹੀ ਹੁੰਦਾ ਹੈ, ਕਿਸ ਦੇ ਬਾਬਤ ਜਾਨਣਾ ਹੋਵੇ ਤਾਂ ਉਸ ਦਾ ਨਾਂ, ਪਤਾ, ਕਾਰੋਬਾਰ, ਬਾਲ-ਬੱਚੇ, ਸ਼ਹਿਰ ਜਾਂ ਪਿੰਡ, ਧਰਮ, ਦੇਸ਼ ਤੇ ਸੁਭਾਅ ਆਦਿ ਹੁੰਦਾ ਹੈ। ਇਸ ਤੋਂ ਵੱਧ ਮੈਂ ਹੋਰ ਕੁਝ ਨਹੀਂ ਆਖ ਸਕਦਾ।"

ਮੈਂ ਉਸਨੂੰ ਫੇਰ ਕਿਹਾ ਨਹੀਂ ਵੀਰ ਜੀ! ਤੁਸੀ ਮੇਰੀ ਨਿਹਚਉਂ ਨਹੀਂ ਕਰਵਾ ਸਕੇ।

ਵੇਖੋ ! ਜਦੋਂ ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ 'ਮੈਂ ਕੌਣ ਹਾਂ?' ਇਹ ਪ੍ਰਸ਼ਨ ਮੇਰੀ ਜੁਬਾਨ ਰਾਹੀਂ ਉਠਾਇਆ ਜਾ ਰਿਹਾ ਹੈ ਨਾ! 'ਮੈਂ' ਤੇ 'ਮੇਰੀ ਜ਼ੁਬਾਨ' ਦੋ ਵਸਤਾਂ ਹੋਈਆਂ। ਜਦੋਂ ਮੈਂ ਕਹਿ ਰਿਹਾ ਹਾਂ, ਮੇਰੀ ਜ਼ੁਬਾਨ ਰਾਹੀਂ ਇਹ ਪ੍ਰਸ਼ਨ ਉਠਾਇਆ ਜਾ

**ਰਿਹਾ ਹੈ 'ਮੈਂ' ਤੇ 'ਮੇਰੀ' ਭਾਵ ਇਸ ਪ੍ਰਸ਼ਨ ਨੂੰ ਉਠਾਉਣ ਵਾਲਾ ਇਸ ਪਿੱਛੇ ਕੌਣ ਹੈ ਇਸ 'ਮੈਂ' ਦੇ ਮੈਨੂੰ ਦਰਸ਼ਨ ਨਹੀਂ ਹੋ ਰਹੇ ਸਮਝ ਨਹੀਂ ਆ ਰਹੀ।**

**ਮੇਰੇ ਮਿੱਤਰ ਨੂੰ ਕੁਝ-ਕੁਝ ਗੱਲ ਸਮਝ ਆਉਣ ਲੱਗੀ। ਉਸ ਦੀ ਦਿਲਚਸਪੀ ਵਧੀ ਤੇ ਉਸ ਦੇ ਅੰਦਰੋਂ ਜੋ ਮੇਰੀ ਮਾਨਸਿਕ ਅਵਸਥਾ ਬਾਬਤ ਭੁਲੇਖਾ ਸੀ ਕੁਝ ਦੂਰ ਹੋਇਆ। ਉਸ ਦੇ ਅੰਦਰ ਵੀ ਇਹ ਜਾਨਣ ਲਈ ਕਿ ਉਹ ਕੌਣ ਹੈ, ਉਤਸੁਕਤਾ ਵੱਧ ਗਈ। ਅਸੀਂ ਲੱਗੇ ਗੁਰਬਾਣੀ ਦੇ ਵਾਕਾਂ ਨੂੰ ਚੇਤੇ ਕਰਨ ਤੇ ਵਿਚਾਰਨ। ਗੁਰੂ ਵਾਕ ਹੈ :-**

**ਸਾਧੋ ਇਹੁ ਤਨੁ ਮਿਥਿਆ ਜਾਨਉ ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥** (ਅੰਗ -੧੧੮੬)

ਸ. ਸਰਦਾਰਾ ਸਿੰਘ ਜੀ ਕਮਾਈ ਵਾਲੇ ਗੁਰਸਿੱਖ ਸਨ। ਆਪ ਜੀ ਬਚਪਨ ਤੋਂ ਹੀ ਅੰਮ੍ਰਿਤ-ਵੇਲੇ ਉੱਠ ਕੇ ਨਾਮ-ਸਿਮਰਨ ਅਭਿਆਸ ਵਿੱਚ ਜੁੜਦੇ ਸਨ। ਆਪ ਜੀ ਅਕਸਰ ਇਹ ਕਹਿੰਦੇ ਸਨ ਕਿ ਇਹ ਦਿਨ ਦੇ ਕੰਮ ਧੰਦੇ ਤਾਂ ਜ਼ਿੰਦਗੀ ਨਿਰਬਾਹ ਲਈ ਠਾਠਾ ਬਾਗਾ ਹਨ। ਅਸਲੀ ਮਨੋਰਥ ਤਾਂ ਅੰਮ੍ਰਿਤ-ਵੇਲਾ ਸੰਭਾਲਣਾ ਹੈ :

**ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ॥**(ਅੰਗ : ੩੮੪)


ਆਪ ਜੀ ਨੇ ਪ੍ਰਭੂ ਮਿਲਾਪ ਦੇ ਕਈ ਰੰਗ ਹੰਢਾਏ ਅਤੇ ਆਪਣੇ ਕੁਝ ਸਾਥੀਆਂ ਨਾਲ ਕਦੇ ਕਦੇ ਸਾਂਝਾ ਵੀ ਕਰ ਲੈਂਦੇ ਸਨ। ਆਪ ਜੀ ਦਾ ਜੀਵਨ ਸਿਮਰਨ ਅਭਿਆਸ ਅਤੇ ਸੇਵਾ ਵਿੱਚ ਜੱੜਿਆ ਹੋਇਆ ਸੀ। ਆਪ ਜੀ ਉੱਪਰ ਅਨਹਦ ਸ਼ਬਦ ਦੀ ਗੁਰ ਬਖਸ਼ਿਸ਼ ਵੀ ਸੀ।

ਆਪ ਜੀ ਵਿਰਕਤ ਸੁਭਾਅ ਦੇ ਵਿਅਕਤੀ ਸਨ। ਉਨ੍ਹਾਂ ਦੇ ਪ੍ਰੇਰਨਾ ਸਰੋਤ ਗੁਰਦੁਆਰਾ ਭੱਠਾ ਸਾਹਿਬ ਅਤੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਬਣਿਆ, ਜਿਥੇ ਆਪ ਜੀ ਦਾ ਮਨ ਜੁੜਦਾ ਸੀ ਤੇ ਇਸ ਲਈ ਉਹ ਬਚਪਨ ਤੋਂ ਹੀ ਅਕਸਰ ਇਨ੍ਹਾਂ ਸਥਾਨਾਂ ਉੱਪਰ ਆਪਣਾ ਕਾਫੀ ਸਮਾਂ ਬਿਤਾਉਂਦੇ ਸਨ।ਇਥੇ ਆਪ ਜੀ ਨੂੰ ਅਨੇਕਾਂ ਅਧਿਆਤਮਿਕ ਅਨੁਭਵ ਪ੍ਰਾਪਤ ਹੋਏ।

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥** (ਅੰਗ ੧੩੭੦)

**(ਕਬੀਰ ! ਪ੍ਰਭੂ ਦੇ ਸੋਹਣੇ ਚਰਨਾਂ ਵਿੱਚ ਟਿਕੇ ਰਹਿਣ ਦੇ ਹੁਲਾਰੇ ਦਾ ਅੰਦਾਜ਼ਾ ਕਿਵੇਂ ਕੋਈ ਦੱਸ ਸਕਦਾ ਹੈ ? ਉਸ ਦੀ ਮੌਜ ਦਾ ਬਿਆਨ ਕਰਨਾ ਫਬਦਾ ਨਹੀਂ ; ਉਹ ਕੇਡਾ ਕੁ ਹੁਲਾਰਾ ਹੈ ? ਇਹ ਤਾਂ ਹੁਲਾਰਾ ਲਿਆਂ ਹੀ ਤਸੱਲੀ ਹੁੰਦੀ ਹੈ।)**


## ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਵੱਲੋਂ ਲਿਖੀਆਂ ਪੁਸਤਕਾਂ




**ਆਤਮ ਪ੍ਰਕਾਸ਼ :** ਆਤਮ ਪ੍ਰਕਾਸ਼ ਪੁਸਤਕ **ਭਾਈ ਸਾਹਿਬ ਭਾਈ ਸਰਦਾਰਾ ਸਿੰਘ** ਜੀ ਦੀ ਪਹਿਲੀ ਪੁਸਤਕ ਹੈ। ਇੱਕ ਸੇਵਾਦਾਰ ਜੋ ਪੱਤ੍ਰਿਕਾ ਦੀ ਹੱਥੀਂ-ਵੱਡ ਸੇਵਾ ਕਰਦੇ ਹਨ ਅਤੇ ਸੰਸਥਾ ਦੇ ਬੁੱਕ-ਸਟਾਲ ਦੀ ਸੇਵਾ ਵੀ ਨਿਭਾਉਂਦੇ ਹਨ ਦਾ ਇਹ ਕਹਿਣਾ ਹੈ ਕਿ ਇਹ ਪੁਸਤਕ ਸੰਗਤਾਂ ਨੇ ਬਹੁਤ ਪਸੰਦ ਕੀਤੀ ਅਤੇ ਇਸ ਦੀ ਅੱਠਵੀਂ ਐਡੀਸ਼ਨ ਛੱਪ ਚੁੱਕੀ ਹੈ। ਇਹ ਪੁਸਤਕ ਹਿੰਦੀ ਵਿੱਚ ਵੀ ਉਪਲਬਧ ਹੈ। ਇਸ ਪੁਸਤਕ ਦਾ ਅੰਗ੍ਰੇਜੀ ਵਿੱਚ ਅਨੁਵਾਦ **'Awakening of Soul'** ਉਪਲਬਧ ਹੈ।

ਇਸ ਪੁਸਤਕ ਦੇ ਮੁੱਖ ਵਿਸ਼ੇ ਹਨ : 'ਮੈ ਕੌਣ ਹਾਂ' 'ਮੇਰਾ ਪੱਕਾ ਤੇ ਅਸਲੀ ਘਰ ਕਿਹੜਾ ਹੈ' 'ਮੇਰੇ ਸੰਬੰਧੀ, ਮਿੱਤਰ ਅਤੇ ਦੁਸ਼ਮਣ ਕੌਣ ਹਨ' 'ਮੇਰੇ ਘਰ ਦੀਆਂ ਕੀ ਸਿਫਤਾਂ ਕੀ ਹਨ। 'ਮੇਰੇ ਘਰ ਦਾ ਰਸਤਾ ਕੀ ਹੈ' ਅਤੇ 'ਮੇਰਾ ਜੀਵਨ ਮਨੋਰਥ ਕੀ ਹੈ'।

ਗੁਰਬਾਣੀ/ਗੁਰਮਤਿ ਅਨੁਸਾਰ ਅਤੇ ਆਪਣੀ ਨਾਮ ਸਿਮਰਨ ਕਮਾਈ ਦੀ ਪ੍ਰੈਕਟੀਕਲ ਜੀਵਨ ਜੁਗਤ ਤੇ ਆਧਾਰਿਤ ਇਨ੍ਹਾਂ ਪ੍ਰਸ਼ਨਾਂ ਦੀ ਵੀਚਾਰ ਬੜੇ ਸੁਲਝੇ ਢੰਗ ਨਾਲ ਸੰਗਤਾਂ ਦੀ ਭੇਟ ਕੀਤੀ ਗਈ ਹੈ।




**ਨਾਮ ਸਾਧਨਾ :** ਇਹ ਪੁਸਤਕ ਵੀ ਆਪ ਜੀ ਦੀਆਂ ਪਹਿਲੀਆਂ ਰਚਨਾਵਾਂ ਵਿੱਚੋਂ ਹੈ ਇਸ ਦਾ ਮੁੱਖ-ਬੰਦ ਭਾਈ ਜਸਬੀਰ ਸਿੰਘ ਖਾਲਸਾ (ਖੰਨੇ ਵਾਲੇ), ਅਕਾਲ ਆਸ਼੍ਰਮ, ਸੋਹਾਣਾ ਵਲੋਂ ਲਿਖਿਆ ਗਿਆ। ਇਸ ਪੁਸਤਕ ਦੀਆਂ ਅੱਠ ਐਡੀਸ਼ਨਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਇਹ ਪੁਸਤਕ ਹਿੰਦੀ ਵਿੱਚ ਵੀ ਉਪਲਬਧ ਹੈ। ਇਸ ਪੁਸਤਕ ਦੇ ਮੁੱਖ ਵਿਸ਼ੇ ਹਨ 'ਨਾਮ ਦੀ ਪਰਿਭਾਸ਼ਾ, 'ਨਾਮ ਅਭਿਆਸ' 'ਨਾਮ ਸਾਧਨਾ', 'ਮਨ ਦੀ ਇਕਾਗਰਤਾ' ਆਦਿਕ। ਨਾਮ ਜਪਣ ਲਈ 'ਹੁਕਮਿ ਰਜਾਈ ਚਲਨਾ' ਅਤੇ ਬ੍ਰਿਹੋਂ ਦੀ ਅਵਸਥਾ ਨੂੰ ਬਿਆਨਿਆ ਗਿਆ ਹੈ।

**ਡਿਵਾਈਨ ਨੇਮ ਮੈਡੀਟੇਸ਼ਨ : (Divine Name Meditation) :** ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੀ ਲਿਖੀ ਪੁਸਤਕ 'ਨਾਮ-ਸਾਧਨਾ' ਦਾ ਅੰਗਰੇਜ਼ੀ ਅਨੁਵਾਦ ਪ੍ਰੋ.ਬੇਅੰਤ ਸਿੰਘ ਜੀ ਨੇ ਕੀਤਾ ਅਤੇ ਅੰਗਰੇਜ਼ੀ ਭਾਸ਼ਾ ਦੀ ਇਹ ਪੁਸਤਕ ਫ਼ਰਵਰੀ-੨੦੧੨ ਵਿੱਚ ਪ੍ਰਕਾਸ਼ਤ ਕੀਤੀ ਗਈ।





**ਗੁਰਬਾਣੀ ਦੇ ਗੁੱਝੇ ਭੇਦ :** ਸਤਿਗੁਰੂ ਜੀ ਵਲੋਂ ਦਿੱਤੇ ਗਏ ਫੁਰਨੇ ਅਤੇ ਸੋਝੀ ਅਨੁਸਾਰ ਪੁਸਤਕ ਦਾ ਨਿਰਮਾਣ ਹੋਇਆ। ਇਸ ਪੁਸਤਕ ਵਿੱਚ ਧੁਰ ਕੀ ਬਾਣੀ, ਅਨਹਦ ਸ਼ਬਦ, ਅੰਤਰਿ ਖੂਹਟਾ ਅੰਮ੍ਰਿਤ ਭਰਿਆ, ਜੋ ਬ੍ਰਹਮੰਡੇ ਸੋਈ ਪਿੰਡੇ, ਸਹਜਿ ਅਵਸਥਾ, ਦਸਮ ਦੁਆਰ ਵਰਗੇ ਬਹੁਤ ਹੀ ਬਰੀਕ ਵਿਸ਼ਿਆਂ ਨੂੰ ਛੋਹਿਆ ਗਿਆ ਹੈ ਅਤੇ ਗੁਰਬਾਣੀ ਅਨੁਸਾਰ ਇਨ੍ਹਾਂ ਵਿਸ਼ਿਆਂ ਦੀ ਵਿਆਖਿਆ ਕੀਤੀ ਗਈ ਹੈ।

ਇਹ ਪੁਸਤਕ ਦੀਆਂ ਵੀ ਚਾਰ ਐਡੀਸ਼ਨਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਇਸ ਪੁਸਤਕ ਦਾ ਅੰਗਰੇਜ਼ੀ ਵਿੱਚ ਅਨੁਵਾਦ ਪ੍ਰੋ.ਬੇਅੰਤ ਸਿੰਘ ਨੇ ਕੀਤਾ ਹੈ ਅਤੇ 'Profound Meanings of Gurbani ' ਦੇ ਟਾਇਟਲ ਅਧੀਨ ਅਕਤੂਬਰ, ੨੦੧੪ ਵਿੱਚ ਪ੍ਰਕਾਸ਼ਤ ਕੀਤੀ ਗਈ।





**ਆਤਮਾ-ਪਰਮਾਤਮਾ** : ਇਸ ਪੁਸਤਕ ਵਿੱਚ ਆਤਮਾ, ਪਰਮਾਤਮਾ, ਨਿਰੰਕਾਰੁ, ਏਕੰਕਾਰ, ਓਅੰਕਾਰ, ਸਤਿਨਾਮੁ, ਮਨ ਤੂੰ ਜੋਤਿ ਸਰੂਪੁ ਹੈ, ਆਵਾਗਉਣ, ਸਤਿਗੁਰੂ ਦੀ ਲੋੜ, ਦਸਮ ਦੁਆਰ ਬਾਰੇ ਜਗਿਆਸੂ ਜੀਵਾਂ ਦੇ ਸੁਆਲਾਂ ਦਾ ਉੱਤਰ ਗੁਰਬਾਣੀ ਤੋਂ ਸੇਧ ਲੈ ਕੇ ਹੱਲ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰਮਤਿ ਦੇ ਇਹਨਾਂ ਮੁੱਢਲੇ ਵਿਸ਼ਿਆਂ ਨੂੰ ਸਮਝਣਾ ਗੁਰਸਿੱਖਾਂ ਲਈ ਬਹੁਤ ਜਰੂਰੀ ਹੈ। ਇਸ ਪੁਸਤਕ ਦੇ ਵੀ ਦੋ ਐਡੀਸ਼ਨ ਛੱਪ ਚੁੱਕੇ ਹਨ। ਇਸ ਪੁਸਤਕ ਦਾ ਅੰਗ੍ਰੇਜੀ ਵਿੱਚ ਅਨੁਵਾਦ **'God & Soul'** ਉਪਲਬਧ ਹੈ।




**ਸ਼ਬਦ-ਗੁਰੂ** : ਇਹ ਪੁਸਤਕ ਅਕਤੂਬਰ-੨੦੧੩ ਵਿੱਚ ਪ੍ਰਕਾਸ਼ਤ ਕੀਤੀ ਗਈ। ਇਸ ਪੁਸਤਕ ਦੇ ਵਿਸ਼ੇ ਹਨ ਸ਼ਬਦ-ਗੁਰੂ, ਗੁਰਬਾਣੀ-ਗੁਰ ਗਿਆਨ, ਪੂਜਾ ਅਕਾਲ ਕੀ , ਸਤਿ-ਅਸਤਿ, ਵਹਿਮ-ਭਰਮ, ਗੁਰਬਾਣੀ ਵਿੱਚ ਵਰਤ ਦਾ ਸੰਕਲਪ।

ਕਿਵੇਂ ਸੰਸਾਰ ਦੀ ਰਚਨਾ ਸ਼ਬਦ ਤੋਂ ਹੋਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਨੂੰ ਹੀ ਆਪਣਾ ਗੁਰੂ ਮੰਨਿਆ, ਇਸ ਘੁੰਡੀ ਨੂੰ ਖੋਲਣ ਦਾ ਯਤਨ ਕੀਤਾ ਗਿਆ ਹੈ।

**ਸੇਵਾ, ਸਿਮਰਨ, ਸਤਿਸੰਗਤਿ** : ਪਹਿਲੇ ਇਹ ਸਿੱਖੀ ਦੇ ਤਿੰਨ ਧੁਰੇ ਸੇਵਾ-ਮਹਾਤਮ, ਸਿਮਰਨ ਮਹਿਮਾ ਅਤੇ ਸਤਿਸੰਗਤਿ ਸੋਭਾ ਦੇ ਸਿਰਲੇਖ ਹੇਠ ਤਿੰਨ ਅਲਗ ਅਲਗ ਛੋਟੀਆਂ ਪੁਸਤਕਾਂ ਸਨ। ਪਹਿਲੀ ਵਾਰ ਜੁਲਾਈ-੨੦੧੭ ਵਿੱਚ ਇਹਨਾਂ ਤਿੰਨ ਪੁਸਤਕਾਂ ਨੂੰ ਇਕੱਠਾ ਕਰਕੇ 'ਸੇਵਾ, ਸਿਮਰਨ, ਸਤਿਸੰਗਤਿ ' ਪੁਸਤਕ ਦੀ ਸੰਪਾਦਨਾ ਕੀਤੀ ਗਈ। ਸੇਵਾ ਸੰਕਲਪ, ਸੇਵਾ ਜੁਗਤੀ, ਸੇਵਾ ਫਲ, ਸਿਮਰਿ ਸਿਮਰਿ ਸਦਾ ਸੁਖ ਪਾਵਉ, ਸਿਮਰਨ-ਆਦੇਸ਼, ਚੰਗੀ ਅਤੇ ਮਾੜੀ ਸੰਗਤ, ਸਤਿ-ਸੰਗਤਿ ਅਤੇ ਇਸ ਦੀ ਲੋੜ ਆਦਿਕ ਅਨੇਕ ਪੱਖ ਵਿਚਾਰ ਗੋਚਰੇ ਕੀਤੇ ਗਏ ਹਨ।




**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ** : ਇਹ ਪੁਸਤਕ ਮਨੁੱਖੀ ਜੀਵ ਨੂੰ ਆਪਣੀ ਆਤਮਾ ਨੂੰ ਜਾਣ ਕੇ ਜੀਵਨ ਦੇ ਮਨੋਰਥ ਨੂੰ ਸਮਝਣ ਤੇ ਜੋਰ ਦਿੰਦਿਆਂ ਸੋਝੀ ਦਿੰਦੀ ਹੈ ਕਿ ਹੇ ਜੀਵ ਤੇਰਾ ਜੀਵਨ ਦਾ ਮਨੋਰਥ ਗੋਬਿੰਦ ਦੇ ਮਿਲਣ ਲਈ ਉਪਰਾਲੇ ਕਰਨਾ ਹੈ ਪਰ ਵਿਚਾਰ ਕਰਨ ਹੈ ਕਿ ਕੀ ਤੇਰਾ ਜਨਮ ਬਿਰਥਾ ਤਾਂ ਨਹੀਂ ਜਾ ਰਿਹਾ।





**ਗੁਰਮਤਿ ਅਤੇ ਯੋਗ** : ਇਹ ਇਕ ਛੋਟੇ ਅਕਾਰ ਵਾਲੀ ਪੁਸਤਕ ਹੈ, ਜੋ ੨੦੧੭ ਵਿੱਚ ਪ੍ਰਕਾਸ਼ਤ ਕੀਤੀ ਗਈ। ਇੱਕ ਵਿਸ਼ੇ ਨੂੰ ਲੈ ਕੇ, ਗੁਰਬਾਣੀ/ਗੁਰਮਤਿ ਦੇ ਅਧਾਰ ਤੇ ਇਹ ਚਰਚਾ ਕੀਤੀ ਗਈ ਹੈ ਕਿ ਅੱਜ ਦੇ ਬਹੁਤ ਪ੍ਰਚਾਰੇ ਜਾਣ ਵਾਲੇ, ਸਰੀਰਕ ਕ੍ਰਿਆਵਾਂ ਨਾਲ ਸੰਬੰਧਿਤ ਯੋਗ ਦੇ ਬਾਰੇ ਵਿੱਚ ਗੁਰਬਾਣੀ ਕੀ ਅਗਵਾਈ ਕਰਦੀ ਹੈ ? ਗੁਰੂ ਸਾਹਿਬ ਨੇ ਸਹਿਜ-ਯੋਗ ਭਾਵ ਅਡੋਲ ਅਵਸਥਾ ਵਿੱਚ ਪ੍ਰਭੂ ਮਿਲਾਪ ਦੀ ਸਿੱਖਿਆ ਗੁਰਸਿੱਖਾਂ ਨੂੰ ਸਮਝਾਈ ਹੈ ਨਾ ਕਿ ਕਰਮ-ਕਾਂਡੀ ਜੀਵਨ ਪੱਦਤੀ।




**ਜਪੁ ਜੀ-ਗਿਆਨ** : ਇਹ ਪੁਸਤਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁ ਜੀ ਸਾਹਿਬ ਦਾ ਸਟੀਕ ਹੈ। ਜਪੁਜੀ ਸਾਹਿਬ ਦੇ ਮੁੱਖ ਵਿਸ਼ਿਆਂ 'ਕਿਵ ਸਚਿਆਰਾ ਹੋਈਐ', 'ਸਿਮਰਨ ਜੁਗਤੀ, 'ਸੁਣਨ ਅਤੇ ਮੰਨਣ ਦਾ ਮਹਾਤਮ', 'ਪੰਜ ਖੰਡ' ਅਦਿਕ




ਤੇ ਚਾਨਣਾ ਪਾਇਆ ਗਿਆ ਹੈ। ਜਪੁਜੀ ਸਾਹਿਬ ਦੀ ਫ਼ਿਲਾਸਫ਼ੀ (ਦਰਸ਼ਨ) ਨੂੰ ਸਮਝਣ ਲਈ ਪੁਸਤਕ ਬੜੀ ਸਹਾਈ ਹੈ।





**ਨਿਤਨੇਮ (ਸਟੀਕ)** : ਇਸ ਪੁਸਤਕ ਵਿੱਚ ਉਹ ਬਾਣੀਆਂ ਲਈਆਂ ਗਈਆਂ ਹਨ ਜੋ ਕਿ ਅਕਾਲ ਤਖਤ ਸਾਹਿਬ' ਦੀ ਰਹਿਤ ਮਰਿਯਾਦਾ ਅਨੁਸਾਰ ਪ੍ਰਵਾਨਿਤ ਹਨ।

ਅਰਥਾਂ ਨੂੰ ਖੋਲ੍ਹਣ ਲਈ ਬਹੁਤ ਸੌਖੀ ਸ਼ਬਦਾਵਲੀ ਵਰਤੀ ਗਈ ਹੈ ਤਾਂ ਕਿ ਹਰ ਪਾਠਕ ਨੂੰ ਬਾਣੀ ਦੀ ਚੰਗੀ ਤਰ੍ਹਾਂ ਸਮਝ ਆ ਜਾਏ।




**ਦਸ਼ਮੇਸ਼ ਦੁਲਾਰੇ** : ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦੀ ਦਾਸਤਾਨ, ਸ਼ਹੀਦ ਮਾਤਾ ਗੁਜਰੀ ਜੀ, ਬਾਬਾ ਮੋਤੀ ਰਾਮ ਮਹਿਰਾ ਬਾਰੇ ਲੇਖ ਅਤੇ ਅੱਲਾਯਾਰ ਖਾਨ ਦੁਆਰਾ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਲਿਖੀਆਂ ਦੋ ਕਵਿਤਾਵਾਂ ਇਸ ਪੁਸਤਕ ਦੇ ਮੁੱਖ ਵਿਸ਼ੇ ਹਨ।




**ਸ਼ਬਦ ਗੁਰੂ ਪ੍ਰਕਾਸਿਓ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੪੦੦ ਸਾਲਾ ਸੰਪਾਦਨਾ ਦਿਵਸ ਸ਼ਤਾਬਦੀ ਮੌਕੇ ਇਹ ਪੁਸਤਕ ਪ੍ਰਕਾਸ਼ਤ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ-ਗੁਰੂ ਕਿਵੇਂ ਹਨ, ਸੰਪਾਦਨਾ ਦਾ ਇਤਿਹਾਸ, ਗੁਰਗੱਦੀ ਨਸ਼ੀਨੀ, ਸਰਬ ਸਾਂਝੀਵਾਲਤਾ ਆਦਿਕ ਵਿਸ਼ਿਆਂ ਨੂੰ ਸੰਗਤਾਂ ਨਾਲ ਸਾਂਝਾ ਕਰਨ ਹਿਤ ਇੱਕ ਉਪਰਾਲਾ ਕੀਤਾ ਗਿਆ ਹੈ।





**ਪੰਜ ਖੰਡ** : ਜਪੁਜੀ ਸਾਹਿਬ ਪਉੜੀ ੩੩ ਤੋਂ ੩੭ ਤੱਕ ਧਰਮ-ਖੰਡ, ਗਿਆਨ-ਪੰਡ, ਕਰਮ-ਖੰਡ, ਸਰਮ-ਖੰਡ ਅਤੇ ਸਚ-ਖੰਡ ਦਾ ਬਿਆਨ ਕੀਤਾ ਗਿਆ। ਜਪੁਜੀ ਸਾਹਿਬ ਦੀ ਬਾਣੀ, ਇਹਨਾ ਖੰਡਾਂ ਵਿੱਚ ਵਿਚਰਦੇ ਹੋਏ ਜਗਿਆਸੂ ਦੀ ਅਵਸਥਾ ਬਿਆਨ ਕਰਦੀ ਹੈ। ਇਸ ਪੁਸਤਕ ਵਿੱਚ ਇਨ੍ਹਾਂ ਖੰਡਾਂ ਵਿੱਚ ਵਿਚਰਦੀ ਹੋਈ ਆਤਮਾ ਦੀ ਸੰਸਾਰਿਕ ਅਤੇ ਅਧਿਆਤਮਿਕ ਅਵਸਥਾ ਕੀ ਹੁੰਦੀ ਹੈ, ਉਸ ਨੂੰ ਸਮਝਣ/ਸਮਝਾਉਂਣ ਦੀ ਸੌਖੀ ਭਾਸ਼ਾ ਵਿੱਚ ਵਿਚਾਰ ਕੀਤੀ ਗਈ ਹੈ।

**ਚੋਣਵੀਆਂ ਗੁਰੂ ਸਾਖੀਆਂ : ਸ੍ਰੀ ਗੁਰੂ ਨਾਨਕ ਦੇਵ ਜੀ**

**ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।**




ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਇਹ ਚੋਣਵੀਆਂ ਗੁਰੂ ਸਾਖੀਆਂ ਦੀ ਪੁਸਤਕ ਜੁਲਾਈ-੨੦੧੪ ਵਿੱਚ ਪ੍ਰਕਾਸ਼ਤ ਕੀਤੀ ਗਈ। ਇਸ ਪੁਸਤਕ ਦਾ ਮੁੱਖ ਮੰਤਵ ਬੱਚਿਆਂ ਨੂੰ ਬਾਲ ਗੁਰਮਤਿ ਪ੍ਰੀਖਿਆ ਲਈ ਉਤਸ਼ਾਹਿਤ ਕਰਨਾ ਸੀ। ਸੰਗਤਾਂ ਦੇ ਚੰਗੇ ਹੁੰਗਾਰੇ ਨੂੰ ਦੇਖਦੇ ਹੋਏ ਇਸ ਕਿਤਾਬ ਦੀ ਦੂਸਰੀ ਐਡੀਸ਼ਨ ਸੰਨ-੨੦੧੮ ਵਿੱਚ ਛਪਵਾਈ ਗਈ।




**ਸ੍ਰੀ ਗੁਰੂ ਅੰਗਦ ਦੇਵ ਜੀ : ਜੀਵਨੀ ਅਤੇ ਬਾਣੀ ਸਟੀਕ** : ਇਸ ਪੁਸਤਕ ਦੇ ਪਹਿਲੇ ਭਾਗ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਜੀਵਨ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਆਦਿ ਦਾ ਜ਼ਿਕਰ ਕੀਤਾ ਗਿਆ ਹੈ। ਭਾਗ ਦੂਜੇ ਵਿੱਚ ਗੁਰਗੱਦੀ ਦੇ ਹਾਲਾਤ, ਸਿੱਖਾਂ ਨੂੰ ਉਪਦੇਸ਼ ਆਦਿ ਬ੍ਰਿਤਾਂਤ ਹੈ। ਅਗਲੇ ਹਿੱਸੇ ਵਿੱਚ ਗੁਰੂ ਅੰਗਦ ਦੇਵ ਜੀ ਵੱਲੋਂ ਰਚੇ ਗਏ ੬੩ ਸਲੋਕਾਂ ਦਾ ਟੀਕਾ ਕੀਤਾ ਗਿਆ ਹੈ।




**ਚਾਲੀ ਮੁਕਤੇ** : ਜਦੋਂ ਚਾਲੀ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖਕੇ ਦੇ ਆਏ ਸਨ ਤਾਂ ਉਨ੍ਹਾਂ ਨੇ ਮਾਤਾ ਭਾਗ ਕੌਰ ਦੀ ਪ੍ਰੇਰਨਾ ਅਤੇ ਅਗਵਾਈ ਵਿੱਚ ਵਾਪਸ ਆ ਕੇ ਖਿਦਰਾਣੇ ਦੀ ਢਾਬ ਉੱਪਰ ਮੁਗਲਾਂ ਨਾਲ ਯੁੱਧ ਕਰਕੇ ਫਤਹਿ ਪ੍ਰਾਪਤ ਕੀਤੀ। ਉਨ੍ਹਾਂ ਨੂੰ ਗੁਰੂ ਜੀ ਨੇ ਭਾਈ ਮਹਾਂ ਸਿੰਘ ਰਾਹੀਂ ਬੇਦਾਵਾ ਪਾੜ ਕੇ ਚਾਲੀ ਮੁਕਤਿਆਂ ਦਾ ਖਿਤਾਬ ਬਖਸ਼ਿਆ। ਇਸ ਇਤਿਹਾਸ ਨੂੰ ਪੁਸਤਕ ਵਿੱਚ ਬਾਖੂਬੀ ਨਿਭਾਇਆ ਗਿਆ ਹੈ।

## ਸਟੀਕ

**ਉਪਰੋਕਤ ਪੁਸਤਕਾਂ ਤੋਂ ਇਲਾਵਾ ਆਪ ਜੀ ਨੇ ਅਨੰਦ ਸਾਹਿਬ, ਬਾਰਹ ਮਾਹਾ, ਆਸਾ ਕੀ ਵਾਰ, ਸਿੱਧ ਗੋਸਟਿ, ਸੁਖਮਨੀ ਸਾਹਿਬ ਬਾਣੀਆਂ ਦੇ ਟੀਕੇ ਵੀ ਬੜੀ ਸਰਲ ਭਾਸ਼ਾ ਵਿੱਚ ਲਿਖ ਕੇ ਪੁਸਤਕਾਂ ਦਾ ਪ੍ਰਕਾਸ਼ਨ ਕਰਵਾਇਆ ਹੈ। ਬਾਰਹ ਮਾਹਾ ਪੁਸਤਕ ਵਿੱਚ ਮਾਝ ਰਾਗ ਅਤੇ ਤੁਖਾਰੀ ਰਾਗ ਦੋਨੋਂ ਬਾਣੀਆਂ ਦਾ ਟੀਕਾ ਕੀਤਾ ਗਿਆ ਹੈ।**

ਆਪ ਜੀ ਦੇ ਲਿਖੇ 'ਅਨੰਦ ਸਾਹਿਬ' ਦੇ ਟੀਕੇ ਦਾ ਅੰਗਰੇਜ਼ੀ ਅਨੁਵਾਦ ਡਾ. ਪਿਆਰਾ ਸਿੰਘ ਨੇ ਕੀਤਾ ਹੈ। ਜੋ ਕਿ 'Song of the Divine Bliss' ਟਾਇਟਲ ਦੇ ਅਧੀਨ ਪੁਸਤਕ ਰੂਪ ਵਿੱਚ ਛਪਵਾਇਆ ਗਿਆ।

ਸ.ਸਰਦਾਰਾ ਸਿੰਘ ਜੀ ਨੇ (੧) ਮੂਲ ਮੰਤ੍ਰ ਵਿਆਖਿਆ, (੨) ਅਕਾਲ ਉਸਤਤਿ (ਸਟੀਕ), (੩) ਭਗਤ ਦਰਸ਼ਨ, (੪) ਵਾਹੁ ਵਾਹੁ ਗੋਬਿੰਦ ਸਿੰਘ ਪੁਸਤਕਾਂ ਆਪਣੇ ਮੁੱਖ ਸਹਿਯੋਗੀਆਂ ਖਾਸ ਕਰ ਡਾ.ਪਰਮਜੀਤ ਸਿੰਘ ਨਾਲ ਮਿਲ ਕੇ ਸੰਪਾਦਕੀ ਬੋਰਡ ਵੱਲੋਂ ਲਿਖੀਆਂ।

ਇਸੇ ਤਰ੍ਹਾਂ ਹੋਰ ਸਹਿਯੋਗੀਆਂ ਨੇ ਸਮੇਂ ਸਮੇਂ ਸਿੱਖ ਇਤਿਹਾਸ ਅਤੇ ਗੁਰਮਤਿ ਦੇ ਅਨੇਕ ਵਿਸ਼ਿਆਂ ਤੇ ਪੁਸਤਕਾਂ ਲਿਖੀਆਂ। ਜਿਸ ਨਾਲ ਸੰਸਥਾ ਵੱਲੋਂ ਸਿੱਖ ਸੰਗਤਾਂ ਲਈ ਗੁਰਮਤਿ ਗਿਆਨ ਦਾ ਇੱਕ ਖਜ਼ਾਨਾ ਤਿਆਰ ਹੋ ਗਿਆ। ਜਿਸ ਦਾ ਲਾਹਾ ਲੈ ਕੇ ਸਿੱਖ ਸੰਗਤਾਂ ਗੁਰੂ ਨਾਲ ਜੁੜਦੀਆਂ ਹਨ ਅਤੇ ਅਧਿਆਤਮਿਕ ਕਮਾਈ ਦੇ ਰਸਤੇ ਤੇ ਚੱਲ ਕੇ ਜੀਵਨ ਸਫਲਾ ਕਰਦੇ ਹਨ।

**ਪਾਕਿਟ ਸਾਈਜ ਪੁਸਤਕਾਂ** : ਇਨ੍ਹਾਂ ਪੁਸਤਕਾਂ ਦਾ ਉਦੇਸ਼ ਇਹ ਸੀ ਕਿ ਜਿਨ੍ਹਾਂ ਕੋਲ ਸਮੇਂ ਦੀ ਘਾਟ ਹੈ, ਉਹ ਇਹ ਪੁਸਤਕ ਜੇਬ ਵਿੱਚ ਜਾਂ ਬੈਗ ਵਿੱਚ ਰੱਖ ਸਕੇ ਅਤੇ ਜਦ ਸਮਾਂ ਮਿਲੇ ਪੁਸਤਕ ਪੜ ਲਵੇ। ਆਸਾਨ ਭਾਸ਼ਾ ਵਾਲੀ ਛੋਟੀ ਦਿਲਚਸਪ ਪੁਸਤਕ ਜੋ ਜਲਦੀ ਪੜ੍ਹ ਕੇ ਸਮੇਂ ਨਾਲ ਸਮਾਪਤੀ ਕੀਤੀ ਜਾ ਸਕੇ ਅਤੇ ਪੜ੍ਹਨ ਲਈ ਉਤਸਾਹਿਤ ਕੀਤਾ ਜਾ ਸਕੇ।

**ਜੀਵਨ ਜੁਗਤੀ** : ਇਹ ਪੁਸਤਕ ਗੁਰਬਾਣੀ ਦੇ ਅਲੱਗ ਅਲੱਗ ਸ਼ਬਦਾਂ ਰਾਹੀ, ਰੋਜ਼ਾਨਾ ਜੀਵਨ ਵਿੱਚ ਧਾਰਣ ਕਰਨ ਵਾਲੀ ਗੁਰਮਤਿ, ਸਮਝਾਉਣ ਦਾ ਯਤਨ ਕੀਤਾ ਗਿਆ ਹੈ।

**ਸੁੱਖਾਂ ਦੀ ਖਾਣ** : ਪਾਕਿਟ ਬੁੱਕ-ਬੜੇ ਸਲੀਕੇ ਨਾਲ ਸੁਖਮਣੀ ਸਾਹਿਬ ਦੀ ਬਾਣੀ ਬਾਰੇ ਸੁਖੈਣ ਵਾਰਤਕ ਵਿਖਿਆਨ ਹੈ।

ਉਪਰੋਕਤ ਸਾਰੀਆਂ ਪੁਸਤਕਾਂ ਲਾਗਤ ਮੁੱਲ ਤੇ ਸੰਸਥਾ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।